International Journal of Applied Research 2014; 10(1): 243-245




**ISSN Print:** 2394-7500
**ISSN Online:** 2394-5869
**Impact Factor (RJIF):** 3.4
IJAR 2014; 10(1): 243-245
www.allresearchjournal.com
Received: 10-12-2023
Accepted: 14-01-2024

**ਮਨਦੀਪ ਕੌਰ**
ਲਾਇਬ੍ਰੇਰੀਅਨ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ, ਪੰਜਾਬ, ਭਾਰਤ

**Corresponding Author:**
**ਮਨਦੀਪ ਕੌਰ**
ਲਾਇਬ੍ਰੇਰੀਅਨ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ, ਪੰਜਾਬ, ਭਾਰਤ

# ਪੜਨ ਲਈ ਲਾਇਬ੍ਰੇਰੀ ਵਿਸਥਾਰ ਸੇਵਾ

## ਮਨਦੀਪ ਕੌਰ

**ਪ੍ਰਸਤਾਵਨਾ**

ਵਿਸਥਾਰ ਦਾ ਅਰਥ ਹੈ ਵਾਧਾ ਕਰਨਾ।ਹਰ ਸੰਸਥਾ ਕਿਸੇ ਨਾ ਕਿਸੇ ਰੂਪ ਵਿੱਚ ਵਧਦੀ ਫੁੱਲਦੀ ਰਹਿੰਦੀ ਹੈ।ਕਦੇ ਇਮਾਰਤ ਦੇ ਰੂਪ ਵਿੱਚ ਅਤੇ ਕਦੇ ਫਰਨੀਚਰ ਜਾਂ ਕਿਸੇ ਹੋਰ ਰੂਪ ਵਿੱਚ।ਪਰ ਲਾਇਬ੍ਰੇਰੀ ਇੱਕ ਸੇਵਾ ਕਰਨ ਵਾਲੀ ਸੰਸਥਾ ਹੈ ਤੇ ਇਹ ਅਲੱਗ ਅਲੱਗ ਰੂਪ ਵਿੱਚ ਵਿਸਥਾਰ ਸੇਵਾਵਾਂ ਦਿੰਦੀ ਹੈ।ਜਿਵੇਂ ਕਿ "ਪੜਨ ਲਈ ਵਿਸਥਾਰ ਸੇਵਾ"।ਇਸ ਸੇਵਾ ਤਹਿਤ ਲਾਇਬ੍ਰੇਰੀ ਆਪਣੀ ਇਮਾਰਤ ਦੇ ਬਾਹਰ ਜਾ ਕੇ ਲੋਕਾਂ ਦੀ ਸੇਵਾ ਕਰਦੀ ਹੈ।ਉਹਨਾਂ ਵਿੱਚ ਪੜਨ ਦੀ ਰੁਚੀ ਜਗਾਉਣ ਦੀ ਕੋਸ਼ਿਸ਼ ਕਰਦੀ ਹੈ।ਇਸ ਰਾਹੀਂ ਸਮਾਜ ਦੇ ਜੋ ਆਮ ਲੋਕ ਹਨ, ਜੋ ਲਾਇਬ੍ਰੇਰੀ ਬਾਰੇ ਜਾਗਰੂਕ ਨਹੀਂ ਹਨ ਜਾਂ ਜਿੰਨਾਂ ਨੂੰ ਪੜਨ ਦਾ ਮੌਕਾ ਨਹੀਂ ਮਿਲਦਾ, ਲਾਇਬ੍ਰੇਰੀ ਉਹਨਾਂ ਦੀ ਪਹੁੰਚ ਵਿੱਚ ਜਾ ਕੇ ਉਹਨਾਂ ਨੂੰ ਪੜਨ ਦਾ ਮੌਕਾ ਦਿੰਦੀ ਹੈ ਤਾਂ ਕਿ ਲਾਇਬ੍ਰੇਰੀ ਇੱਕ ਸਮਾਜਿਕ ਸੂਚਨਾ ਕੇਂਦਰ ਬਣ ਸਕੇ ਅਤੇ ਰੰਗਾਨਾਥਨ ਦੁਆਰਾ ਦਿੱਤੇ ਲਾਇਬ੍ਰੇਰੀ ਵਿਗਿਆਨ ਦੇ ਦੂਜੇ ਅਤੇ ਤੀਜੇ ਨਿਯਮ ਦੀ ਪਾਲਣਾ ਹੋ ਸਕਦੀ ਹੈ।ਹਰ ਵਿਅਕਤੀ ਨੂੰ ਉਸਦੀ ਰੁਚੀ ਦੇ ਹਿਸਾਬ ਨਾਲ ਕਿਤਾਬ ਪੜਨ ਨੂੰ ਮਿਲ ਸਕੇ।

ਅੱਜ ਕੱਲ ਤਾਂ ਨੈਕ ਵਰਗੀਆਂ ਸੰਸਥਾਵਾਂ ਵੀ ਇਹ ਵੇਖਦੀਆਂ ਹਨ ਕਿ ਵਿੱਦਿਅਕ ਲਾਇਬ੍ਰੇਰੀਆਂ ਆਪਣੇ ਰਜਿਸਟਰਡ ਪਾਠਕਾਂ ਤੋਂ ਬਿਨਾ ਆਮ ਭਾਈਚਾਰੇ ਦੇ ਲੋਕਲ ਲੋਕਾਂ ਨੂੰ ਪੜਨ ਦਾ ਮੌਕਾ ਦਿੰਦੀਆਂ ਹਨ ਜਾਂ ਨਹੀਂ। ਇਸ ਨਾਲ ਲਾਇਬ੍ਰੇਰੀ ਦਾ ਰੋਲ ਹੋਰ ਵੀ ਅਹਿਮ ਹੋ ਜਾਂਦਾ ਹੈ ਕਿ ਉਹ ਲੋਕਾਂ ਵਿੱਚ ਪੁੱਜੇ ਅਤੇ ਲਾਇਬ੍ਰੇਰੀ ਦੇ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਹੋ ਸਕੇ।

ਇਹ ਸੇਵਾ ਪਾਠਕਾਂ ਦੇ ਵਿੱਚ ਵਾਧਾ ਕਰਨ ਦੀ ਇੱਕ ਕੋਸ਼ਿਸ਼ ਹੈ ਕਿ ਲਾਇਬ੍ਰੇਰੀ ਦੇ ਪਾਠਕ ਵੱਧ ਤੋਂ ਵੱਧ ਲਾਇਬ੍ਰੇਰੀ ਦੇ ਸਾਧਨਾਂ ਦੀ ਵਰਤੋਂ ਕਰ ਸਕਣ ਅਤੇ ਲਾਇਬ੍ਰੇਰੀ ਇੱਕ ਗਿਆਨਵਾਨ ਸਮਾਜ ਦੀ ਸਿਰਜਨਾ ਵਿੱਚ ਅਹਿਮ ਯੋਗਦਾਨ ਕਰ ਸਕੇ ।ਲਾਇਬ੍ਰੇਰੀ ਹਮੇਸ਼ਾ ਸਮਾਜ ਦਾ ਸ਼ੀਸ਼ਾ ਸਮਝੀ ਜਾਂਦੀ ਹੈ ਅਤੇ ਪੜਨ ਲਈ ਵਿਸਥਾਰ ਸੇਵਾ ਨਾਲ ਇਹ ਆਪਣੇ ਸਮਾਜਿਕ ਸ਼ੀਸ਼ੇ ਦਾ ਚੰਗਾ ਪ੍ਰਭਾਵ ਸਫਲਤਾਪੂਰਵਕ ਸਿਰਜਦੀ ਹੈ।ਵਿਸਥਾਰ ਸੇਵਾ ਦੀ ਸਫਲਤਾ ਲੋਕਾਂ ਦੀ ਜਿਆਦਾ ਸ਼ੁਮਾਰਤਾ ਤੇ ਹੀ ਨਿਰਭਰ ਹੈ।ਜੇਕਰ ਲਾਇਬ੍ਰੇਰੀ ਨੇ ਲੋਕਾਂ ਦਾ ਧਿਆਨ ਕੇਂਦਰਿਤ ਕਰਨਾ ਹੈ ਤਾਂ ਲਾਇਬ੍ਰੇਰੀ ਨੂੰ ਰਵਾਇਤੀ ਤਰੀਕਾ ਛੱਡ ਕੇ ਅੱਗੇ ਵੱਧ ਕੇ ਲੋਕਾਂ ਦਾ ਧਿਆਨ ਖਿੱਚਣਾ ਪਵੇਗਾ,ਇਸ ਲਈ ਵਿਸਥਾਰ ਸੇਵਾ ਵਧੀਆ ਉਪਰਾਲਾ ਹੈ।ਲੋਕਾ ਨੂੰ ਈ ਰਿਸੋਰਸਜ ਦੀ ਵਰਤੋਂ ਖੁੱਲੇ ਰੂਪ ਵਿੱਚ ਦੇਣੀ ਵੀ ਵਿਸਥਾਰ ਸੇਵਾ ਦਾ ਰੂਪ ਹੈ।

ਡਾਕਟਰ ਰੰਗਾਨਾਥਨ ਅਨੁਸਾਰ

"Library is regarded as an information Centre and making them accessible to those who are require the use of them".

"Apart from such methods of pure publicity, libraries are now a days developing certain new types of work, which, in addition to their being directly educative or recreational, lead also to publicity as an important secondary product".

These activities are named as the extended services of libraries.

ਡਾਕਟਰ ਕ੍ਰਿਸ਼ਨ ਕੁਮਾਰ ਅਨੁਸਾਰ

"An extension service aims at converting nonreaders in to readers. It creates and stimulates the desire for good reading. This is done by bringing books and readers together. This results in exploitation and promotion of collection".

ਲਾਇਬ੍ਰੇਰੀ ਦੇ ਪੰਜ ਨਿਯਮਾਂ ਵਿੱਚੋਂ ਪਹਿਲਾ ਨਿਯਮ ਹੈ ਕਿ "ਕਿਤਾਬਾਂ ਵਰਤਣ ਲਈ ਹਨ"

ਇਸ ਲਈ ਲਾਇਬ੍ਰੇਰੀਆਂ ਨੂੰ ਖਰੀਦੀਆਂ ਕਿਤਾਬਾਂ ਨੂੰ ਲੋਕਾਂ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਕਿ ਓਹ ਕਿਤਾਬਾਂ ਵਰਤੋਂ ਵਿੱਚ ਆ ਸਕਣ।

ਦੂਜਾ ਨਿਯਮ ਹੈ ਕਿ "ਹਰ ਪਾਠਕ ਦੀ ਕਿਤਾਬ ਹੈ"

ਤੀਜਾ ਨਿਯਮ ਹੈ ਕਿ "ਹਰ ਕਿਤਾਬ ਦਾ ਪਾਠਕ ਹੈ"

ਪਾਠਕਾਂ ਨੂੰ ਪੁਸਤਕਾਂ ਦੇ ਸੰਪਰਕ ਵਿੱਚ ਲਿਆਉਣਾ ਲਾਇਬ੍ਰੇਰੀ ਸਟਾਫ ਦਾ ਫਰਜ਼ ਹੈ। ਉਪਰੋਕਤ ਕਨੂੰਨ ਇੱਕ ਖੁੱਲੀ ਪਹੁੰਚ ਪ੍ਰਣਾਲੀ. ਵਰਗੀਕ੍ਰਿਤ ਸ਼ੈਲਫ ਪ੍ਰਬੰਧ, ਵਿਸ਼ਾ ਵਿਸ਼ਲੇਸ਼ਣਾਤਮਕ ਐਂਟਰੀਆਂ, ਸੰਦਰਭ ਸੇਵਾਵਾਂ ਦੀ ਵਿਵਸਥਾ, ਪ੍ਰਚਾਰ ਵਿਧੀਆਂ,ਵਿਸਥਾਰ ਸੇਵਾਵਾਂ ਅਤੇ ਕਿਤਾਬ ਚੋਣ ਨੀਤੀ ਦੀ ਵਕਾਲਤ ਕਰਦੇ ਹਨ।

ਇਸ ਲਈ ਵਿਸਥਾਰ ਸੇਵਾ ਨਾਲ ਹਰ ਪਾਠਕ ਤੱਕ ਕਿਤਾਬ ਪਹੁੰਚਾਉਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਉਹਨਾਂ ਦੀਆ ਪੜਨ ਰੁਚੀਆਂ ਦੀ ਤ੍ਰਿਪਤੀ ਹੋ ਸਕੇ। ਇਸ ਨਾਲ ਜੋ ਅੱਜ ਕੱਲ ਪੜਨ ਦੀ ਰੁਚੀ ਘੱਟ ਰਹੀ ਹੈ ਉਸ ਨੂੰ ਵਧਾਇਆ ਜਾ ਸਕਦਾ ਹੈ।

## ਲਾਇਬ੍ਰੇਰੀ ਵਿਸਥਾਰ ਸੇਵਾ ਦਾ ਉਦੇਸ਼

- ਜੋ ਲੋਕ ਨਹੀਂ ਪੜਦੇ, ਉਹਨਾਂ ਵਿੱਚ ਪੜਨ ਦੀ ਰੁਚੀ ਪੈਦਾ ਕਰਨੀ।
- ਲਾਇਬ੍ਰੇਰੀ ਨੂੰ ਸਮਾਜਿਕ ਸੱਭਿਆਚਾਰਕ ਅਤੇ ਬੌਧਿਕ ਕੇਂਦਰ ਵਿੱਚ ਬਦਲਣਾ ਅਤੇ ਲੋਕਾਂ ਵਿੱਚ ਲਾਇਬ੍ਰੇਰੀ ਬਾਰੇ ਗੰਭੀਰ ਰੁਚੀ ਪੈਦਾ ਕਰਨੀ।
- ਮਨੁੱਖੀ ਵਿਹਾਰ ਵਿੱਚ ਬੇਹਤਰ ਤਬਦੀਲੀ ਲਿਆਉਣ ਲਈ, ਜਿਸ ਨਾਲ ਉਹ ਗਿਆਨ ਪ੍ਰਾਪਤ ਕਰਕੇ ਹੁਨਰ ਸਿੱਖ ਸਕਣ।
- ਲੋਕਾਂ ਨੂੰ ਲਾਇਬ੍ਰੇਰੀ ਦੇ ਸਾਧਨਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨਾ ਤਾਂ ਜੋ ਲਾਇਬ੍ਰੇਰੀ ਦੇ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਹੋ ਸਕੇ।
- ਪੜਨ ਲਈ ਮਹੌਲ ਤਿਆਰ ਕਰਨਾ।
- ਚੰਗੀਆਂ ਲਿਖਤਾਂ ਪੜਨ ਦੀ ਰੁਚੀ ਪੈਦਾ ਕਰਨੀ।
- ਲਾਇਬ੍ਰੇਰੀ ਦੀ ਛਾਪ ਲੋਕਾਂ ਅਤੇ ਸਰਕਾਰਾਂ ਦੇ ਦਿਮਾਗ ਵਿੱਚ ਵਸਾਉਣੀ ਤਾਂ ਜੋ ਸਮਾਜ ਤਰੱਕੀ ਕਰ ਸਕੇ।

## ਲਾਇਬ੍ਰੇਰੀ ਵਿਸਥਾਰ ਸੇਵਾ ਦੇ ਲਈ ਮੁੱਢਲੀਆਂ ਲੋੜਾਂ

ਸਭ ਤੋਂ ਪਹਿਲਾ ਲਾਇਬ੍ਰੇਰੀਅਨ ਨੂੰ ਵੱਖ ਵੱਖ ਪਾਠਕਾਂ ਦੀਆਂ ਲੋੜਾਂ ਦਾ ਪਤਾ ਹੋਣਾ ਚਾਹੀਦਾ ਤੇ ਉਹ ਇੱਕ ਵਧੀਆ ਪ੍ਰਬੰਧਕ ਹੋਣਾ ਚਾਹੀਦਾ ਹੈ।ਉਹ ਲਾਇਬ੍ਰੇਰੀ ਦੇ ਸਾਰੇ ਸਾਧਨਾਂ ਦਾ ਗਿਆਨ ਰੱਖਦਾ ਹੋਵਾ।ਲਾਇਬ੍ਰੇਰੀ ਕੋਲ ਚੰਗੇ ਸਾਧਨ ਹੋਣੇ ਚਾਹੀਦੇ ਹਨ ਅਤੇ ਵਿਸਥਾਰ ਸੇਵਾ ਨੂੰ ਸਹਿਯੋਗ ਕਰਨ ਦੀ ਇੱਛਾ ਚਾਹੀਦੀ।ਇਨਫਰਾਸਟਰਕਚਰ, ਸਮਾਨ, ਤਜਰਬੇਕਾਰ ਸਟਾਫ ਅਤੇ ਸਟਾਫ ਵਿੱਚ ਮਿਲਵਰਤਨ ਦੀ ਭਾਵਨਾ ਹੋਣੀ ਚਾਹੀਦੀ।ਲਾਇਬ੍ਰੇਰੀ ਵਿੱਚ ਇੱਕ ਲੈਕਚਰ ਹਾਲ ਹੋਣਾ ਚਾਹੀਦਾ,ਆਡੀਓ ਵਿਜੁਅਲ ਐਲ ਸੀ ਡੀ ਪਰੋਜੈਕਟ,ਪਰਦ੍ਰਸ਼ਨੀ ਹਾਲ ਅਤੇ ਜਿੱਥੇ ਵੱਖਰੇ ਗਰੁੱਪਾਂ ਦੀਆਂ ਮੀਟਿੰਗਾਂ ਹੋ ਸਕਣ।

**ਲਾਇਬ੍ਰੇਰੀ ਵਿਸਥਾਰ ਸੇਵਾ ਦੀਆਂ ਕਿਸਮਾਂ**: ਵਿਸਥਾਰ ਸੇਵਾ ਕਈ ਰੂਪਾਂ ਵਿੱਹ ਦਿੱਤੀ ਜਾ ਸਕਦੀ ਹੈ ਜਿਵੇਂ ਕਿ

- **ਲਾਇਬ੍ਰੇਰੀ ਓਰੀਅਨਟੇਸ਼ਨ ਪਰੋਗ੍ਰਾਮ**: ਇਸ ਰਾਹੀਂ ਲਾਇਬ੍ਰੇਰੀ ਆਪਣੇ ਸਾਰੇ ਸਾਧਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦੇ ਸਕਦੀ ਹੈ। ਲਾਇਬ੍ਰੇਰੀ ਦੀ ਵਰਤੋਂ ਕਿਸ ਤਰਾਂ ਕਰਨੀ ਹੈ ਅਤੇ ਕਿਹੜੇ ਸਾਧਨ ਲਾਇਬ੍ਰੇਰੀ ਵਿੱਚ ਮੋਜੂਦ ਹਨ।
- **ਰੀਡਿੰਗ ਸਰਕਲ ਸਟੱਡੀ ਸਰਕਲ**: ਇਹ ਸੇਵਾ ਉਹਨਾ ਲੋਕਾਂ ਨੂੰ ਦਿੱਤੀ ਜਾ ਸਕਦੀ ਹੈ ਜੋ ਲਾਇਬ੍ਰੇਰੀ ਨਹੀਂ ਆ ਸਕਦੇ। ਇਸ ਸੈਂਟਰ ਵਿੱਚ ਜਰਨਲ, ਮੈਗਜੀਨ, ਅਖਬਾਰ, ਕਿਤਾਬਾਂ ਦਿੱਤੀਆਂ ਜਾ ਸਕਦੀਆਂ ਹਨ।
- **ਸੈਮੀਨਾਰ ਤੇ ਵਿਸਥਾਰ ਗੱਲਾਂ**: ਲਾਇਬ੍ਰੇਰੀ ਹੋਰ ਸੰਸਥਾਵਾਂ ਨਾਲ ਰਲ ਕੇ ਵਿਸ਼ੇਸ਼ ਗੱਲਾਬਾਤਾਂ ਤੇ ਸੈਮੀਨਾਰ ਕਰ ਸਕਦੀ ਹੈ।
- **ਬੱਚਿਆਂ ਲਈ ਸਟੋਰੀ ਟਾਈਮ**: ਇਸ ਵਿੱਚ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਰੋਚਿਕ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਹਨਾਂ ਦੀ ਰੁਚੀ ਪੜਨ ਵਿੱਚ ਹੋ ਸਕੇ।
- **ਪੋਸਟਲ ਮੈਂਬਰਸ਼ਿਪ**: ਕਈ ਲਾਇਬ੍ਰੇਰੀਆਂ ਇਹ ਸਹੂਲਤ ਦਿੰਦੀਆਂ ਹਨ ਕਿ ਦੂਰ ਦੁਰਾਡੇ ਦੇ ਜੋ ਲੋਕ ਲਾਇਬ੍ਰੇਰੀ ਨਹੀਂ ਆ ਸਕਦੇ, ਲਾਇਬ੍ਰੇਰੀਆਂ ਉਹਨਾਂ ਨੂੰ ਪੋਸਟਲ ਮੈਂਬਰਸ਼ਿਪ ਦਿੰਦੀਆਂ ਹਨ ਅਤੇ ਉਹ ਪੋਸਟ ਰਾਹੀਂ ਆਪਣੀ ਮਨਭਾਉਂਦੀ ਕਿਤਾਬ ਮੰਗਵਾ ਕੇ ਪੜ ਸਕਦੇ ਹਨ।
- **ਟਾਕਿੰਗ ਕਿਤਾਬਾਂ**: ਕਈ ਵਾਰ ਕਈ ਲੋਕਾਂ ਦੀ ਸਿਹਤ ਸੰਬੰਧੀ ਕੋਈ ਸਮੱਸਿਆ ਹੁੰਦੀ ਹੈ। ਉਹਨਾਂ ਨੂੰ ਇਸ ਢੰਗ ਰਾਹੀਂ ਫਾਇਦਾ ਹੋ ਸਕਦਾ ਹੈ।ਲੋ ਲੋਕ ਨਹੀਂ ਪੜ ਸਕਦੇ ਓਹਨਾਂ ਨੂੰ ਪੜਾਉਣਾ ਚਾਹੀਦਾ।
- **ਮੋਬਾਇਲ ਸੇਵਾ**: ਇਸ ਵਿੱਚ ਲਾਇਬ੍ਰੇਰੀ ਆਪਣੇ ਈ-ਰਿਸੋਰਸਜ ਦੀ ਵਰਤੋਂ ਕਰਨ ਦੀ ਆਗਿਆ ਦਿੰਦੀ ਹੈ ਅਤੇ ਦੂਰ ਦੇ ਲੋਕ ਵੀ ਲਾਇਬ੍ਰੇਰੀ ਦੀ ਵਰਤੋਂ ਕਰ ਸਕਦੇ ਹਨ। ਕਈ ਵਾਰ ਲਾਇਬ੍ਰੇਰੀਆਂ ਆਪਣੀ ਕਿਤਾਬੀ ਬੱਸ ਰਾਹੀਂ ਆਲੇ-ਦੁਆਲੇ ਦੇ ਲੋਕਾਂ ਨੂੰ ਪੜਣ ਦਾ ਮੌਕਾ ਦਿੰਦੀਆਂ ਹਨ।
- **ਲਾਇਬ੍ਰੇਰੀ ਵਿਸਥਾਰ ਸੇਵਾ ਨਰਸਿੰਗ ਹੋਮ ਤੇ ਸੁਧਾਰ ਘਰ ਲਈ**: ਲਾਇਬ੍ਰੇਰੀ ਕਿਤਾਬਾਂ ਡਾਕਟਰਾਂ ਨੂੰ, ਉਥੇ ਦੇ ਸਟਾਫ ਨੂੰ ਦੇ ਸਕਦਾ ਹੈ ਤੇ ਸੁਧਾਰ ਘਰ ਵਿੱਚ ਕੈਦੀਆਂ ਨੂੰ ਚੰਗੀਆਂ ਕਿਤਾਬਾਂ ਦਿੱਤੀਆਂ ਜਾਣ ਤਾਂ ਜੋ ਉਹਨਾਂ ਦੇ ਵਿਚਾਰ ਬਦਲ ਸਕਣ ਤੇ ਉਹ ਚੰਗੇ ਇਨਸਾਨ ਬਣ ਸਕਣ।

**ਸੁਝਾਅ**: ਲਾਇਬ੍ਰੇਰੀ ਬਾਰੇ ਪਾਠਕਾਂ ਤੋਂ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਦੀ ਲੋੜ ਦੇ ਸਾਧਨ ਮੋਜੂਦ ਹਨ ਜਾਂ ਨਹੀਂ।ਕਿਹੋ ਜਿਹੀ

ਆਸ ਉਹ ਲਾਇਬ੍ਰੇਰੀ ਤੋਂ ਰੱਖਦੇ ਹਨ।ਸ਼ੋਸ਼ਲ ਮੀਡੀਆਂ ਵਿਸਥਾਰ ਸੇਵਾਵਾਂ ਬਾਰੇ ਛੇਤੀ ਜਾਣਕਾਰੀ ਫੈਲਾਅ ਸਕਦਾ ਹੈ ਇਸ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।ਇਹ ਪਾਠਕ ਤੇ ਲਾਇਬ੍ਰੇਰੀ ਵਿਚਲਾ ਫਾਸਲਾ ਮਿਟਾ ਸਕਦਾ ਹੈ।ਪੜਨ ਦਾ ਮਹੌਲ ਸਿਰਜਣਾ ਚਾਹੀਦਾ।

**References**


1. Akhandanand Shukla. Extension Areas of Library in Modern Era: North Eastern Hill University 88 PUBLICATIONS 195 CITATIONS; c2010.
2. Hansaben Shashikantbhai Bhoj. Mobile based library services; c2020. http://doi.org/10.18231/j.ijlsit.2020.013.
3. Mamta Kumari. International Journal Peer Reviewed Journal Refereed Journal Indexed Journal; c2017.
4. Hadiza Umar hadizaumar. Library Extension Services as a Strategy for the Development of Effective Information Societies in Nigeria. International Journal of Applied Technologies in Library and Information Management; c2020.